

















ਨੂੰਹ ਅਤੇ ਮਹਾਨ ਜਲ ਪਰਲੋ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਉਤਪਤ 6-10

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ :
Byron Unger; Lazarus

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : M. Maillot; Tammy S.

ਕਹਾਣੀ 3 ਤੋ 60

**M1914.org**

**Bible for Children, PO Box 3, Winnipeg MB R3C 2G1 Canada**

ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੋਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ, ਆਮੀਨ। ਯਹੂੰਨਾ ਦੀ ਇੰਜੀਲ 3:16

ਬਾਈਬਲ ਨੂੰ ਪੜ੍ਹੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।

ਪੰਜਾਬੀ Punjabi








ਪਰਮੇਸ਼ਵਰ ਨੇ ਨੂੰਹ ਨੂੰ ਕਿਹਾ ਕਿ ਇੱਕ ਮਹਾਨ ਜਲ ਪਰਲੋ ਆਵੇਗਾ ਜੋ ਧਰਤੀ ਨੂੰ ਢੱਕ ਲਵੇਗਾ।
3
ਇੱਕ ਲੱਕੜ ਦੀ ਕਿਸ਼ਤੀ ਬਣਾ ਜੋ ਤੇਰੇ ਪਰਿਵਾਰ ਅਤੇ ਬਹੁਤ ਸਾਰੇ ਜਾਨਵਰਾਂ ਲਈ ਕਾਫ਼ੀ ਵੱਡੀ ਕਿਸ਼ਤੀ ਹੋਵੇ, ਨੂੰਹ ਨੂੰ ਆਦੇਸ਼ ਮਿਲਿਆ।ਪਰਮੇਸ਼ਵਰ ਨੇ ਨੂੰਹ ਨੂੰ ਬਿਲਕੁਲ ਠੀਕ ਹਿਦਾਇਤ ਦਿੱਤੀ।
4
ਜਦ ਨੂੰਹ ਸਮਝਾਉਣ ਦੀ ਕੋਸ਼ਿਸ਼ ਕਰਦਾ ਸੀ ਕਿ ਉਹ ਜਹਾਜ਼ ਕਿਉ ਬਣਾ ਰਿਹਾ ਹੈ, ਤਾਂ ਲਗਭਗ ਲੋਕ ਉਸਦਾ ਮਜ਼ਾਕ
ਉਡਾਉਦੇ ਸੀ। ਨੂੰਹ ਬਣਾਉਦਾ ਰਿਹਾ ਫ਼ਿਰ ਵੀ ਉਹ ਲੋਕਾਂ ਨੂੰ ਪਰਮੇਸ਼ਵਰ ਬਾਰੇ ਦੱਸਦਾ ਰਿਹਾ। ਪਰ ਕਿਸੇ ਨੇ ਨਾ ਸੁਣਿਆ।
5
ਨੂੰਹ ਦਾ ਵਿਸ਼ਵਾਸ਼ ਪੱਕਾ ਸੀ।ਇੱਥੋ ਤੱਕ ਕਿ ਪਹਿਲਾਂ ਮੀਹ ਨਹੀ ਪਏ ਸਨ। ਪਰ ਉਹ ਫ਼ਿਰ ਵੀ ਪਰਮੇਸ਼ਵਰ ਤੇ ਭਰੋਸਾ ਰੱਖਦਾ ਸੀ।
6
ਜਲਦ ਹੀ ਕਿਸ਼ਤੀ ਤਿਆਰ ਸੀ ਕਿ ਉਸ ਵਿੱਚ ਲੋੜ ਪੂਰੀ ਕਰਨ ਵਾਲੀਆਂ ਚੀਜਾਂ ਲੱਦੀਆਂ ਜਾਣ।
7
ਹੁਣ ਜਾਂਨਵਰ ਆਏ। ਪਰਮੇਸ਼ਵਰ ਸੱਤ ਤਰਾਂ ਦੀਆਂ ਕੁੱਝ ਉਪ ਜਾਤੀਆਂ ਨੂੰ ਲਿਆ, ਦੋ ਹੋਰ ਤਰਾਂ ਦੀਆਂ, ਵੱਡੇ ਅਤੇ ਛੋਟੇ ਪੰਛੀ, ਛੋਟੇ ਅਤੇ ਵੱਡੇ ਜਾਨਵਰਾਂ ਨੇ ਆਪਣਾ ਰਾਸਤਾ ਕਿਸ਼ਤੀ ਵੱਲ ਕੀਤਾ।
8
ਪਰ ਲੋਕਾਂ ਨੇ ਚੀਕ-ਚੀਕ ਕੇ ਨੂੰਹ ਦਾ ਮਜ਼ਾਕ ਉਡਾਇਆ।
9
ਜਦ ਉਹ ਜਾਨਵਰਾਂ ਨੂੰ ਕਿਸ਼ਤੀ ਵਿੱਚ ਚੜਾ ਰਿਹਾ ਸੀ, ਉਨ੍ਹਾਂ ਨੇ ਪਰਮੇਸ਼ਵਰ ਦੇ ਵਿਰੁੱਧ ਪਾਪ ਕਰਨੇ ਬੰਦ ਨਾ ਕੀਤੇ। ਉਨ੍ਹਾਂ ਨੇ ਕਿਸ਼ਤੀ ਦੇ ਵਿੱਚ ਜਾਣ ਲਈ ਨਾ ਪੁੱਛਿਆਂ।
10
ਅੰਤ ਵਿੱਚ ਸਾਰੇ ਜਾਨਵਰ ਅਤੇ ਪੰਛੀ ਸਮੁੰਦਰੀ ਜਹਾਜ਼ ਵਿੱਚ ਜਾ ਉਤਰੇ।
11
ਪਰਮੇਸ਼ਵਰ ਨੇ ਨੂੰਹ ਨੂੰ ਸੱਦਾ ਦਿੱਤਾ ਕਿ ਕਿਸ਼ਤੀ ਵਿੱਚ ਆ ਜਾਵੇ।ਤੂੰ
ਅਤੇ ਤੇਰਾ ਪਰਿਵਾਰ ਨੂੰਹ ਉਸਦੀ ਪਤਨੀ ਅਤੇ ਉਸਦੇ ਤਿੰਨ ਪੁੱਤਰ ਅਤੇ ਉਨ੍ਹਾਂ ਦੀਆਂ ਪਤਨੀਆਂ ਕਿਸ਼ਤੀ ਵਿੱਚ ਚੜ ਆਏ। ਤਦ ਪਰਮੇਸ਼ਵਰ ਨੇ ਦਰਵਾਜ਼ਾ ਬੰਦ ਕਰ ਦਿੱਤਾ।
12
ਤਦ ਮੀਹ ਪਿਆ, ਇੱਕ ਬਹੁਤ ਭਾਰੀ ਵਰਖਾਂ ਨੇ ਸਾਰੀ ਧਰਤੀ ਨੂੰ ਚਾਲੀ ਦਿਨ ਅਤੇ ਚਾਲੀ ਰਾਤਾਂ ਤੱਕ ਡੋਬ ਕੇ ਰੱਖ ਦਿੱਤਾ।
13
ਪਿੰਡਾਂ ਅਤੇ ਸ਼ਹਿਰਾਂ ਦੇ ਵਿੱਚ ਜਲ ਪਰਲ ਦਾ ਪਾਣੀ ਬਹੁਤ ਜਿਆਦਾ ਭਰ ਗਿਆ।
14
ਜਦ ਵਰਖਾਂ ਰੁਕ ਗਈ, ਇੱਥ ਤੱਕ ਕਿ ਪਹਾੜ ਵੀ ਪਾਣੀ ਵਿੱਚ ਡੁੱਬੇ ਹੋਏ ਸੀ।ਹਰ ਕੋਈ ਜੋ ਸਾਹ ਲੈਂਦਾ ਸੀ ਉਹ ਸਾਰੇ ਮਰ ਗਏ।
15
ਜਿਸ ਤਰਾਂ ਪਾਣੀ ਵੱਧਦਾ ਗਿਆ ਕਿਸ਼ਤੀ ਉਸ ਉਪਰ ਤੈਰਨ ਲੱਗੀ। ਹੋ ਸਕਦਾ ਹੈ ਕਿ ਅੰਦਰ ਹਨੇਰਾ ਹੋਵੇ, ਸ਼ਾਇਦ ਟਕਰਾਉਣਾ ਅਤੇ ਸ਼ਾਇਦ ਡਰਾਵਨਾ ਵੀ ਹੋਵੇ। ਪਰ ਕਿਸ਼ਤੀ ਨੇ ਨੂੰਹ ਨੂੰ ਉਸ ਜਲ ਪਰਲੋ ਤੋ ਸੁਰੱਖਿਅਤ ਸਥਾਨ ਦਿੱਤਾ।
16
ਜਲ-ਪਰਲੋ ਤੋ ਪੰਜ਼ ਮਹੀਨੇ ਬਾਅਦ ਪਰਮੇਸ਼ਵਰ ਨੇ ਇੱਕ ਸੁੱਕੀ ਹਵਾ ਨੂੰ ਭੇਜ਼ਿਆਂ। ਹੌਲੀ ਹੌਲੀ ਕਿਸ਼ਤੀ ਅਰਾਰਾਤ ਪਹਾੜ ਉਤੇ ਆਣ ਕੇ ਟਿੱਕ ਗਈ।ਨੂੰਹ ਹੋਰ ਚਾਲੀ ਦਿਨ ਵਿੱਚ ਟਿਕਿਆ ਰਿਹਾ ਸੋ ਪਾਣੀ ਘਟ ਗਿਆ।
17
ਨੂੰਹ ਨੇ ਕਿਸ਼ਤੀ ਦੀ ਖਿੜਕੀ ਨੂੰ ਖੋਲ ਕੇ ਇੱਕ ਕਾਲਾ ਕਾਂ ਅਤੇ ਘੁੱਗੀ ਨੂੰ ਬਾਹਰ ਭੇਜ਼ਿਆਂ। ਉਸਨੂੰ ਸਥਿਰ ਰਹਿਣ ਲਈ ਸੁੱਕਾ ਟਿਕਾਣਾ ਨਾ ਲੱਭਿਆਂ। ਘੁੱਗੀ ਨੂੰਹ ਦੇ ਕੋਲ ਵਾਪਸ ਪਰਤ ਆਈ।
18